# ਸੋਮਵਾਰ 24 ਫਰਵਰੀ 2020 ਤੋਂ ਐਤਵਾਰ 1 ਮਾਰਚ 2020 ਤੱਕ

## 24.2.20 ਸੋਮਵਾਰ: -

- **Ladies keep fit class in Upper hall from 4 PM to 5 PM**
- **Men keep fit class in Elderly Day Centre from 15.00 PM to 16.00 PM**

**25.2.20 ਮੰਗਲਵਾਰ: – Karate class in Shahhed Udham Singh Hall from 18.30 PM to 2030 PM.**

**26.2.20 ਬੁੱਧਵਾਰ: - 4.30 ਵਜ਼ੇ: -** ਸਾਧ ਸੰਗਤ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ 4.30 ਵਜ਼ੇ ਹੋਣਗੇ, ਰਹਿਰਾਸ ਦੇ ਪਾਠ ਉਪਰੰਤ ਦੀਵਾਨ ਸੱਜਣਗੇ ਹਜੂਰੀ ਜਥਾ ਕੀਰਤਨ ਕਰੇਗਾ ਬਾਅਦ ਵਿਚ 7.00 ਵੱਜੇ ਬੱਚੀ ਸਿਮਰਨ ਕੌਰ ਅਤੇ ਬੱਚੀ ਜਸਪ੍ਰੀਤ ਕੌਰ ਹਾਜ਼ਰੀ ਭਰਨਗੀਆਂ ਅਤੇ ਸਾਰੀ ਹੋਵੇਗੀ

**ਦੇਗਾਂ ਦੀਆਂ ਸੇਵਾਵਾਂ: -** ਸ੍ਰ: ਅਮਰਜੀਤ ਸਿੰਘ, ਸ੍ਰ: ਹਰਜਿੰਦਰ ਸਿੰਘ ਅਤੇ ਬੀਬੀ ਤਰਸੇਮ ਕੌਰ, ਬੀਬੀ ਪਵਨਦੀਪ ਕੌਰ, ਅਤੇ ਬੀਬੀ ਰਣਜੀਤ ਕੌਰ ਪਰਿਵਾਰਾਂ ਵਲੋਂ ਹੋਣਗੀਆਂ ।

- **Dastaar Sajauni class- from 5.15 PM -6.30 PM.**
- **Rehrass Sahib recited by children at 6.00 PM in main hall**
- **Sikh Studies Classes for children age 5 up to GCSE level.**
- **Sewing machine class in Shaheed Udham Singh Hall from 13.00 PM to 15.00 PM.**
- **Religious Services, Music & Kirtan classes from 17.00 PM to 2030 PM in upper hall.**
- **Sikh history classes for 5-8 yrs, 8-12yrs, 12 + Gcse 4.00pm till 5.30pm, in main upper hall.**
- **Matrimonial Service in library from 6.30-8.00 PM**

**27.2.20 ਵੀਰਵਾਰ: - 6.00 ਵੱਜ਼ੇ: -** ਰਹਿਰਾਸ ਸਾਹਿਬ ਦੇ ਪਾਠ ਹੋਣਗੇ ਉਪਰੰਤ ਹਜ਼ੂਰੀ ਜਥਾ ਸ਼ਬਦ ਕੀਰਤਨ ਕਰੇਗਾ ਅਤੇ ਸਾਰੀ ਸੇਵਾ ਹੋਵੇਗੀ ।

- **Karate class in Shaheed Udham Singh Hall from 18.30 PM to 2030 PM**
- **keep fit class in Elderly Day Centre from 15.00 PM to 16.00 PM**

**28.2.20 ਸ਼ੁਕਰਵਾਰ: - 10.00 ਵਜ਼ੇ: -**ਸਾਧ ਸੰਗਤ ਵੱਲੋਂ ਸ੍ਰੀ ਗੁਰੂ ਹਰਿਰਾਇ ਜੀ ਦੇ ਪ੍ਰਕਾਸ਼ ਦੇ ਸਬੰਧ ਵਿੱਚ ਸ੍ਰੀ ਅਖੰਡ ਪਾਠ ਸਾਹਿਬ 10.00 ਵਜ਼ੇ ਅਰੰਭ ਹੋਣਗੇ ਸਾਰੀ ਸੇਵਾ ਹੋਵੇਗੀ ।

**ਦੇਗਾਂ ਦੀਆਂ ਸੇਵਾਵਾਂ: -** ਸ: ਸੁਰਜੀਤ ਸਿੰਘ ਸੇਖੋਂ, ਸ: ਸੁਰਜੀਤ ਸਿੰਘ ਸ਼ੇਰਗਿੱਲ ਤੇ ਬੀਬੀ ਗੁਰਦੀਪ ਕੌਰ ਸ਼ੇਰਗਿੱਲ, ਸ: ਅਵਤਾਰ ਸਿੰਘ ਤੇ ਬੀਬੀ ਕੁਲਵਿੰਦਰ ਕੌਰ ਪੁਰੇਵਾਲ, ਬੀਬੀ ਸੁਰਿੰਦਰ ਕੌਰ ਪੁਰੇਵਾਲ, ਸ: ਕਸ਼ਮੀਰ ਸਿੰਘ ਤੇ ਬੀਬੀ ਸੁਰਿੰਦਰ ਕੌਰ ਨਾਗਰਾ, ਸ: ਸੇਵਾ ਸਿੰਘ ਅੱਟਾ ਤੇ ਬੀਬੀ ਅਵਤਾਰ ਕੌਰ ਅੱਟਾ, ਬੀਬੀ ਅਮਰਜੀਤ ਕੌਰ ਸੰਧੂ ਤੇ ਸ: ਗੁਰਦੇਵ ਸਿੰਘ ਔਲਖ, ਸ: ਛਿੰਦਾ ਸਿੰਘ ਥਾਂਦੀ, ਸ: ਹਰਬੰਸ ਸਿੰਘ ਨਿੱਝਰ, ਸ: ਇੰਦਰਜੀਤ ਸਿੰਘ ਬੀਬੀ ਪ੍ਰਮਜੀਤ ਕੌਰ ਤੇ ਸਵ: ਸ: ਨਿਰਮਲ ਸਿੰਘ ਪੁਰੇਵਾਲ, ਸ ਬਲਵਿੰਦਰ ਸਿੰਘ ਜੌਹਲ ਤੇ ਬੀਬੀ ਮਲਵਿੰਦਰ ਕੌਰ ਸੇਖੋਂ ਦੇ ਪ੍ਰੀਵਾਰਾਂ ਵਲੋਂ ਹੋਣਗੀਆਂ।

**29.2.20 ਸ਼ਨਿਚਰਵਾਰ: - Sikh Studies Classes for children age 5 up to GCSE level in Bibi Bhani ji Sikh study centre from 4.00 -5.30 PM.**

**1.3.20 ਐਤਵਾਰ: - 9.00 ਵਜ਼ੇ: -** ਸਾਧ ਸੰਗਤ ਵੱਲੋਂ ਸ੍ਰੀ ਗੁਰੂ ਹਰਿਰਾਇ ਜੀ ਦੇ ਪ੍ਰਕਾਸ਼ ਦੇ ਸਬੰਧ ਵਿੱਚ ਰਖਾਏ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 9.00 ਵਜ਼ੇ ਪੈਣਗੇ ਅਤੇ ਸਾਰੀ ਸੇਵਾ ਹੋਵੇਗੀ, ਬਾਅਦ'ਚ ਸ ਪਲਵਿੰਦਰ ਸਿੰਘ ਗਿੱਲ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਲੰਗਰ ਦੀ ਸੇਵਾ ਹੋਵੇਗੀ ।ਹਜ਼ੂਰੀ ਜਥਾ ਕੀਰਤਨ ਕਰੇਗਾ, ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ ।

- **ਦੀਵਾਨ ਦੀ ਸਮਾਪਤੀ ਤੋਂ ਬਾਅਦ, ਸਾਧ ਸੰਗਤ ਵੱਲੋਂ, ਪੰਥ ਦੀ ਚੜਦੀ ਕਲਾ ਵਾਸਤੇ, ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ।**
- **Today 11.00 AM -11.30 AM or 11.30 AM- 12.00 Noon Punjabi School Assembly in Shaheed Udham Singh Hall. Parents can join.**

- **Children Paath classes up to Sukhmani Sahib First Group: 10.45 AM-11.30 AM. Second Group 11.30 AM-12.15 PM**
- **Youngsters Gurbani class 11.15am till 11.45am.**
- **Crèche, Service in Guru Gobind Singh Nursery from 11.00-1.00 PM**
- **Matrimonial Service in library from 11.30-1.00 PM**

# ਗੁਰੂ ਹਰਿ ਰਾਏ ਜੀ



**ਗੁਰੂ** ਨਾਨਕ ਪਾਤਸ਼ਾਹ ਦੀ ਸੱਤਵੀਂ ਜੋਤ ਗੁਰੂ ਹਰਿ ਰਾਏ ਜੀ ਦਾ ਜਨਮ 16 ਜਨਵਰੀ 1630 ਨੂੰ ਗੁਰੂ ਹਰਗੋਬਿੰਦ ਜੀ ਦੇ ਵੱਡੇ ਫਰਜੰਦ ਬਾਬਾ ਗੁਰਦਿੱਤਾ ਜੀ ਅਤੇ ਮਾਤਾ ਨਿਹਾਲ ਕੌਰ ਦੀ ਕੁੱਖੋਂ ਕੀਰਤਪੁਰ ਸਾਹਿਬ ਵਿੱਚ ਹੋਇਆ। ਗੁਰੂ ਸਾਹਿਬ ਦੇ ਬਚਪਨ ਦਾ ਸਮਾਂ ਕੀਰਤਪੁਰ ਸਾਹਿਬ ਵਿੱਚ ਹੀ ਬੀਤਿਆ। ਜਦੋਂ ਉਹ 8 ਕੁ ਸਾਲ ਦੇ ਹੋਏ ਤਾਂ ਉਨ੍ਹਾਂ ਦੇ ਪਿਤਾ ਬਾਬਾ ਗੁਰਦਿੱਤਾ ਜੀ ਗੁਰਪੁਰੀ ਪਿਆਣਾ ਕਰ ਗਏ। ਉਮਰ ਦੇ ਅਗਲੇਰੇ 10 ਸਾਲ ਉਨ੍ਹਾਂ ਨੇ ਆਪਣੇ ਦਾਦਾ ਗੁਰੂ ਹਰਗੋਬਿੰਦ ਜੀ ਦੀ ਨਜ਼ਰਸਾਨੀ ਹੇਠ ਹੀ ਬਤੀਤ ਕੀਤੇ। ਇਸ ਨਜ਼ਰਸਾਨੀ ਸਦਕਾ ਹੀ ਉਨ੍ਹਾਂ ਦੇ ਵਿਅਕਤੀਤਵ ਵਿੱਚ ਦਾਦਾ ਗੁਰੂ ਵਾਲੀਆਂ ਸਿਫ਼ਤਾਂ ਪ੍ਰਤੀਬਿੰਬ ਹੁੰਦੀਆਂ ਰਹੀਆਂ ਹਨ।
ਗੁਰੂ ਹਰਿ ਰਾਏ ਸਾਹਿਬ ਨੇ ਭਾਈ ਦਰਗਾਹ ਮੱਲ ਤੋਂ ਤਾਲੀਮ ਹਾਸਲ ਕੀਤੀ ਅਤੇ ਸ਼ਸਤਰ ਕਲਾ ਭਾਈ ਬਿਧੀ ਚੰਦ ਛੀਨਾ ਤੋਂ ਗ੍ਰਹਿਣ ਕੀਤੀ। ਵਿਸ਼ੇਸ਼ ਲਗਨ ਤੇ ਮਿਹਨਤ ਅਤੇ ਉਸਤਾਦਾਂ ਦੀ ਸੰਜੀਦਗੀ ਕਰਨ ਉਹ 13-14 ਸਾਲ ਦੀ ਉਮਰ ਤਕ ਸ਼ਸ਼ਤਰ ਅਤੇ ਸ਼ਾਸਤਰ ਸਿੱਖਿਆ ਵਿੱਚ ਬਰਾਬਰਤਾ ਨਾਲ ਮੁਹਾਰਤ ਪ੍ਰਾਪਤ ਕਰ ਗਏ। ਉਨ੍ਹਾਂ ਦੇ ਉਸਤਾਦਾਂ ਵਿੱਚ ਪੁਰੋਹਿਤ ਜਾਤੀ ਮੱਲ ਦਾ ਨਾਂ ਵੀ ਜ਼ਿਕਰਯੋਗ ਹੈ।
ਸੱਤਵੇਂ ਪਾਤਸ਼ਾਹ ਜਿੱਥੇ ਗਿਆਨਵਾਨ, ਮਿੱਠੇ ਅਤੇ ਨਿੱਘੇ ਸੁਭਾਅ ਦੇ ਮਾਲਕ ਸਨ, ਉੱਥੇ ਹੀ ਉਨ੍ਹਾਂ ਦਾ ਹਿਰਦਾ ਵੀ ਕੋਮਲ ਤੇ ਤਰਸੀਲਾ ਸੀ। ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਇੱਕ ਵਾਰ ਉਹ ਕਰਤਾਰਪੁਰ ਦੇ ਬਾਗ਼ ਵਿੱਚ ਸੈਰ ਕਰ ਰਹੇ ਸਨ, ਉਸ ਸਮੇਂ ਤੇਜ਼ ਹਵਾ ਵਗ ਰਹੀ ਸੀ। ਹਵਾ ਦੇ ਕਾਰਨ ਉਨ੍ਹਾਂ ਦਾ ਜਾਮਾ ਕੁਝ ਬੂਟਿਆਂ ਨਾਲ ਉਲਝ ਗਿਆ। ਇਸ ਉਲਝਣ ਸਦਕਾ ਕੁਝ ਫੁੱਲ ਟਹਿਣੀ ਨਾਲੋਂ ਟੁੱਟ ਕੇ ਹੇਠਾਂ ਡਿੱਗ ਪਏ। ਟੁੱਟੇ ਫੁੱਲਾਂ ਨੂੰ ਦੇਖ ਕੇ ਗੁਰੂ ਸਾਹਿਬ ਦੇ ਕੋਮਲ ਹਿਰਦੇ ਨੂੰ ਬਹੁਤ ਠੇਸ ਪਹੁੰਚੀ। ਇੰਨੇ ਚਿਰ ਵਿੱਚ ਗੁਰੂ ਹਰਗੋਬਿੰਦ ਸਾਹਿਬ ਕੋਲ ਆਏ ਤੇ ਉਦਾਸੀ ਦਾ ਕਾਰਨ ਪੁੱਛਿਆ। ਉਨ੍ਹਾਂ ਨੇ ਗੁਰੂ ਜੀ ਨੂੰ ਦੱਸਿਆ, "ਸੱਚੇ ਪਾਤਸ਼ਾਹ ਮੇਰੇ ਖੁੱਲ੍ਹੇ ਜਾਮੇ ਨਾਲ ਅੜ ਕੇ ਇਹ ਨਿਰਦੋਸ਼ ਫੁੱਲ ਹੇਠਾਂ ਡਿੱਗ ਪਏ ਹਨ।" ਇਸ 'ਤੇ ਛੇਵੇਂ ਪਾਤਸ਼ਾਹ ਨੇ ਉਪਦੇਸ਼ਮਈ ਜਵਾਬ ਦਿੰਦਿਆਂ ਕਿਹਾ ਕਿ ਜੇ ਜਾਮਾ ਵੱਡਾ ਪਹਿਨੀਏ ਤਾਂ ਸੰਭਲ ਕੇ ਤੁਰਨਾ ਚਾਹੀਦਾ ਹੈ। ਉਪਦੇਸ਼ ਬੜਾ ਸਪੱਸ਼ਟ ਸੀ ਕਿ ਜੇ ਜ਼ਿੰਮੇਵਾਰੀ ਵੱਡੀ ਚੁੱਕ ਲਈਏ ਤਾਂ ਤਾਕਤ ਦੀ ਵਰਤੋਂ ਸੋਚ ਸਮਝ ਕੇ ਕਰਨੀ ਚਾਹੀਦੀ ਹੈ। ਇਹ ਤਾਕਤ ਨਿਆਸਰਿਆਂ ਦਾ ਆਸਰਾ ਬਣਨੀ ਚਾਹੀਦੀ ਹੈ। ਗੁਰੂ ਹਰਿ ਰਾਏ ਜੀ ਨੇ ਆਪਣੇ ਦਾਦਾ ਗੁਰੂ ਦੇ ਉਪਦੇਸ਼ ਨੂੰ ਪੱਲੇ ਬੰਨ੍ਹ ਲਿਆ। ਸਾਰੀ ਉਮਰ ਉਨ੍ਹਾਂ ਇਸ ਉਪਦੇਸ਼ ਦੀ ਕਮਾਈ ਕੀਤੀ ਤੇ ਤਾਣ ਹੁੰਦਿਆਂ ਵੀ ਨਿਤਾਣੇ ਬਣੇ ਰਹੇ।
ਗੁਰੂ ਹਰਿ ਰਾਏ ਸਾਹਿਬ ਦੀ ਸ਼ਾਦੀ ਅਨੂਪ ਸ਼ਹਿਰ (ਯੂ.ਪੀ.) ਦੇ ਵਸਨੀਕ ਦਇਆ ਰਾਮ ਦੀ ਸਪੁੱਤਰੀ ਬੀਬੀ ਕ੍ਰਿਸ਼ਨ ਕੌਰ ਨਾਲ ਹੋਈ। ਉਨ੍ਹਾਂ ਦੇ ਘਰ ਦੋ ਸਪੁੱਤਰ ਸ੍ਰੀ ਰਾਮ ਰਾਏ ਤੇ ਸ੍ਰੀ ਹਰਿਕ੍ਰਿਸ਼ਨ ਜੀ ਪੈਦਾ ਹੋਏ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ 3 ਮਾਰਚ 1644 ਨੂੰ ਜੋਤੀ ਜੋਤ ਸਮਾ ਗਏ। ਉਸ ਤੋਂ ਪੰਜ ਦਿਨ ਬਾਅਦ 8 ਮਾਰਚ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਭਾਈ ਭਾਨਾ (ਸਪੁੱਤਰ ਬਾਬਾ ਬੁੱਢਾ ਸਾਹਿਬ) ਨੇ ਗੁਰੂ ਹਰਿ ਰਾਏ ਜੀ ਨੂੰ ਗੁਰਿਆਈ ਦਾ ਤਿਲਕ ਲਗਾਇਆ।
ਗੁਰੂ ਜੀ ਇੰਨੇ ਰਹਿਮ ਦਿਲ ਸਨ ਕਿ ਕਿਸੇ ਵੀ ਦੁਖੀ ਦੇ ਦੁਖ ਨੂੰ ਸਹਿਣ ਨਹੀਂ ਸਨ ਕਰ ਸਕਦੇ। ਇਸ ਲਈ ਰੋਗੀਆਂ ਨੂੰ ਨਿਰੋਗ ਕਰਨ ਲਈ ਉਨ੍ਹਾਂ ਨੇ ਦਵਾਖ਼ਾਨਾ ਵੀ ਖੋਲ੍ਹਿਆ ਹੋਇਆ ਸੀ। ਇਸ ਦਵਾਖ਼ਾਨੇ ਵਿੱਚ ਗ਼ਰੀਬਾਂ ਤੇ ਲੋੜਵੰਦਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਜਾਂਦੀਆਂ ਸਨ। ਮੁਗ਼ਲ ਬਾਦਸ਼ਾਹ ਸ਼ਾਹਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਵੀ ਉਨ੍ਹਾਂ ਵੱਲੋਂ ਦਿੱਤੀਆਂ ਦਵਾਈਆਂ ਦੀ ਬਦੌਲਤ ਹੀ ਸਿਹਤਯਾਬ ਹੋਇਆ ਸੀ। ਜਦੋਂ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਇਆ ਤਾਂ ਉਨ੍ਹਾਂ ਨੇ ਆਪਣੇ ਜੇਠੇ ਪੁੱਤਰ ਰਾਮ ਰਾਏ ਨੂੰ ਭੇਜ ਦਿੱਤਾ ਅਤੇ ਹਦਾਇਤ ਕੀਤੀ ਕਿ ਔਰੰਗਜ਼ੇਬ ਦੇ ਦਰਬਾਰ ਵਿੱਚ ਜਾ ਕੇ ਜੋ ਵੀ ਬਚਨ ਬਿਲਾਸ ਕਰਨੇ ਹਨ, ਉਹ ਗੁਰੂ ਨਾਨਕ ਪਾਤਸ਼ਾਹ ਦੇ ਆਸ਼ੇ ਅਨੁਸਾਰ ਹੋਣੇ ਚਾਹੀਦੇ ਹਨ, ਪਰ ਗੁਰੂ ਸਾਹਿਬ ਦੀ ਹਦਾਇਤ ਦੇ ਉਲਟ ਰਾਮ ਰਾਏ ਨੇ ਬਾਦਸ਼ਾਹ ਨੂੰ ਖ਼ੁਸ਼ ਕਰਨ ਹਿੱਤ ਰੱਬੀ ਬਾਣੀ ਵਿੱਚ ਹੇਰ-ਫੇਰ ਕਰ ਕੇ ਬਾਦਸ਼ਾਹ ਨੂੰ ਤਾਂ ਖ਼ੁਸ਼ ਕਰ ਲਿਆ ਪਰ ਗੁਰੂ ਨਾਨਕ ਦੇ ਘਰ ਨਾਲ ਸਦਾ ਵਾਸਤੇ ਨਾਰਾਜ਼ਗੀ ਮੁੱਲ ਲੈ ਲਈ।
ਗੁਰੂ ਹਰਿ ਰਾਏ ਸਾਹਿਬ ਨੂੰ ਰਾਮ ਰਾਏ ਦੀ ਇਸ ਕਾਰਵਾਈ ਨਾਲ ਬੜਾ ਦੁੱਖ ਹੋਇਆ ਅਤੇ ਉਨ੍ਹਾਂ ਨੇ ਫ਼ੈਸਲਾ ਲਿਆ ਕਿ ਉਹ ਸਾਰੀ ਉਮਰ ਉਸ ਨੂੰ ਮੂੰਹ ਨਹੀਂ ਲਾਉਣਗੇ। ਇਸੇ ਕਰਕੇ ਉਨ੍ਹਾਂ ਨੇ ਗੁਰਗੱਦੀ ਦਾ ਹੱਕਦਾਰ ਆਪਣੇ ਛੋਟੇ ਪੁੱਤਰ ਗੁਰੂ ਹਰਿਕ੍ਰਿਸ਼ਨ ਨੂੰ ਬਣਾਇਆ ਸੀ। ਗੁਰੂ ਹਰਿ ਰਾਏ ਸਾਹਿਬ ਦਾ ਅਖ਼ੀਰਲਾ ਸਮਾਂ ਕੀਰਤਪੁਰ ਸਾਹਿਬ ਵਿੱਚ ਹੀ ਬੀਤਿਆ। 6 ਅਕਤੂਬਰ 1661 (ਸੰਮਤ 1718) ਨੂੰ ਉਹ ਜੋਤੀ ਜੋਤ ਸਮਾ ਗਏ। ਉਨ੍ਹਾਂ ਦਾ ਅੰਤਿਮ ਸੰਸਕਾਰ ਸਤਿਲੁਜ ਦਰਿਆ ਦੇ ਕੰਢੇ ਪਾਤਾਲਪੁਰੀ ਵਿੱਚ ਕੀਤਾ ਗਿਆ।

**ਸੰਪਰਕ: 94631-32719 ਰਮੇਸ਼ ਬੱਗਾ ਚੋਹਲਾ**

- ******************************************************************************************
- **8 March International Women's Day**
- 10 ਮਾਰਚ ਹੋਲਾ ਮਹੱਲਾ
- 14 ਮਾਰਚ ਸੰਗ੍ਰਾਂਦ ਚੇਤਰ, ਨਵਾਂ ਸਾਲ
- 14 ਮਾਰਚ ਬੰਦੀ ਛੋੜ 2020
- 14 ਮਾਰਚ ਗੁਰਗੱਦੀ ਸ੍ਰੀ ਗੁਰੂ ਹਰ ਰਾਇ ਸਾਹਿਬ ਜੀ
- 19 ਮਾਰਚ ਜੋਤੀ ਜੋਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
- 23 ਮਾਰਚ ਸ਼ਹੀਦੀ ਦਿਨ ਸ ਭਗਤ ਸਿੰਘ ਜੀ
- 29 ਮਾਰਚ ਸਾਲਾਨਾ ਇਜਲਾਸ (A G M)
- **31 March Mother's Day**